# ਦਫਤਰ ਜਿਲ੍ਹਾ ਸਮਾਜਿਕ ਨਿਆਂ ਅਤੇ ਅਧਿਕਾਰਤਾ ਅਫਸਰ, ਬਠਿੰਡਾ।

(ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਵਰਗ, ਵਿਭਾਗ, ਪੰਜਾਬ)
ਡਾ. ਬੀ.ਆਰ. ਅੰਬੇਦਕਰ ਭਵਨ, ਪਾਵਰ ਹਾਊਸ ਰੋਡ,ਬਠਿੰਡਾ।
ਈ.ਮੇਲ. socialjustice678@gmail.com

ਵੱਲ,

1. ਜਿਲ੍ਹਾ ਸਿੱਖਿਆ ਅਫਸਰ (ਸੀ.ਸੈ), ਬਠਿੰਡਾ।
   ਪ੍ਰਿੰਸੀਪਲ ਨੋਡਲ ਅਫਸਰ,
2. ਸਰਕਾਰੀ ਰਾਜਿੰਦਰਾ ਕਾਲਜ, ਬਠਿੰਡਾ।
   ਪ੍ਰਿੰਸੀਪਲ ਨੋਡਲ ਅਫਸਰ,
3. ਸਰਕਾਰੀ ਬਹੁਤਕਨੀਕੀ ਕਾਲਜ,ਬਠਿੰਡਾ।
4. ਪ੍ਰਿੰਸੀਪਲ ਨੋਡਲ ਅਫਸਰ,
   ਸਰਕਾਰੀ ਆਈ.ਟੀ.ਆਈ ਬਠਿੰਡਾ।

ਪੱਤਰ ਨੰ :1453-56 ਮਿਤੀ 14/8/2025

ਵਿਸ਼ਾ ਵਿੱਦਿਅਕ ਸੈਸ਼ਨ 2025-26 ਦੌਰਾਨ ਡਾ. ਬੀ.ਆਰ ਅੰਬੇਦਕਰ ਸਕਾਲਰਸ਼ਿਪ ਪੋਰਟਲ ਅਧੀਨ HOI ਅਤੇ INO ਦੀ ਬਾਇਓ ਐਥੈਟੀਕੇਸ਼ਨ ਕਰਵਾਉਣ ਸਬੰਧੀ।

ਉਪਰੋਕਤ ਵਿਸ਼ੇ ਸਬੰਧੀ ਬੇਨਤੀ ਸਹਿਤ ਲਿਖਿਆ ਜਾਂਦਾ ਹੈ ਕਿ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਾਲ 2025-26 ਦੌਰਾਨ HOI ਅਤੇ INO ਦੀ ਬਾਇਓ ਐਥੈਟੀਕੇਸ਼ਨ ਕਰਵਾਉਣੀ ਜਰੂਰੀ ਹੈ। ਆਪ ਵੱਲੋਂ ਡਾ. ਬੀ.ਆਰ ਅੰਬੇਦਕਰ ਪੋਰਟਲ ਤੇ ਅਪਡੇਟ ਕੀਤੇ HOI ਅਤੇ INO ਦੀ ਬਾਇਓ ਐਥੈਟੀਕੇਸ਼ਨ ਸਰਕਾਰ ਦੀ ਹਦਾਇਤਾ ਅਨੁਸਾਰ ਕਰਵਾਈ ਜਾਣੀ ਹੈ। ਇਸ ਸਬੰਧੀ ਦੋ ਰੋਜਾਂ ਕੈਂਪ ਮਿਤੀ 19-08-2025 ਨੂੰ ਜ਼ਿਲ੍ਹਾ ਸਮਾਜਿਕ ਨਿਆ ਅਤੇ ਅਧਿਕਾਰਤਾ ਅਫਸਰ,ਬਠਿੰਡਾ ਡਾ.ਬੀ.ਆਰ.ਅੰਬੇਦਕਰ ਭਵਨ ਪਾਵਰ ਹਾਊਸ,ਰੋਡ ਸਮਾਂ ਸਵੇਰੇ 9 ਵਜੇ ਤੋਂ 1 ਵਜੇ ਤੱਕ ਲਗਾਇਆ ਜਾਵੇਗਾ।

ਇਹ ਕੰਮ ਮਿਤੀ ਬੱਧ ਅਤੇ ਸਮਾਂ ਬੱਧ ਹੋਣ ਕਰਕੇ ਇਸਨੂੰ ਜਰੂਰੀ ਸਮਝਦੇ ਹੋਏ ਪਹਿਲ ਦੇ ਆਧਾਰ ਤੇ ਮੁਕੰਮਲ ਕਰਵਾਇਆ ਜਾਵੇ। HOI ਅਤੇ INO ਆਪਣੇ ਆਧਾਰ ਕਾਰਡ ਦੀ ਤਸਦੀਕਸ਼ੁਦਾ ਕਾਪੀ ਨਾਲ ਲਿਆਉਣਾ ਯਕੀਨੀ ਬਣਾਉਣ।ਜੇਕਰ ਆਪ ਦੇ ਅਧੀਨ ਆਉਂਦੀਆਂ ਸੰਸਥਾਵਾਂ ਦੇ HOI ਅਤੇ INO ਵੱਲੋਂ ਬਾਇਓ ਐਥੈਟੀਕੇਸ਼ਨ ਲਈ ਹਾਜਰ ਨਹੀਂ ਹੋਇਆ ਜਾਂਦਾ ਤਾਂ ਇਸਦੀ ਨਿਰੋਲ ਜਿੰਮੇਵਾਰੀ ਆਪ ਦੀ ਹੋਵੇਗੀ। ਇਸ ਲਈ ਬੇਨਤੀ ਹੈ ਕਿ ਆਪ ਦੇ ਅਧੀਨ ਆਉਂਦਿਆਂ ਸੰਸਥਾਵਾਂ ਦੇ HOI ਅਤੇ INO ਨੂੰ ਕੈਂਪ ਵਿਚ ਹਾਜ਼ਰ ਹੋਣ ਲਈ ਪਾਬੰਦ ਕੀਤਾ ਜਾਵੇ।

ਇਥੇ ਇਹ ਵੀ ਸਪੱਸ਼ਟ ਕੀਤਾ ਜਾਂਦਾ ਹੈ ਕਿ ਜੇਕਰ ਇਸ ਵਾਰ ਆਪ ਵੱਲੋਂ ਬਾਇਓਮੈਟ੍ਰਿਕ ਨਹੀਂ ਕਰਵਾਈ ਜਾਂਦੀ ਤਾ ਆਪ ਜੀ ਦੀ ਆਪ ਦੀ ਨਿੱਜੀ ਜੁੰਮੇਵਾਰੀ ਹੋਵੇਗੀ।

ਸ਼ਡਿਊਲ ਹੇਠ ਲਿਖੇ ਅਨੁਸਾਰ ਹੈ:-

| ਲੜੀ ਨੰ | ਮਿਤੀ | ਸਥਾਨ ਦਾ ਨਾਂ | ਸਮਾਂ | ਵਿਸ਼ੇਸ਼ ਕਥਨ |
|---|---|---|---|---|
| 1 | 19-08-2025 | ਜ਼ਿਲ੍ਹਾ ਸਮਾਜਿਕ ਨਿਆ ਅਤੇ ਅਧਿਕਾਰਤਾ ਅਫਸਰ,ਬਠਿੰਡਾ ਡਾ.ਬੀ.ਆਰ.ਅੰਬੇਦਕਰ ਭਵਨ ਪਾਵਰ ਹਾਊਸ ਰੋਡ। | ਸਵੇਰੇ 9 ਵਜੇ ਤੋਂ 1 ਵਜੇ ਤੱਕ | ਨੱਥੀ ਲਿਸਟ ਵਿਚ ਦਰਜ HOI ਅਤੇ INO ਜੋ ਪੈਡਿੰਗ ਹਨ ਕੇਵਲ ਉਹ ਹੀ ਮਿਤੀ 19-08-2025 ਨੂੰ ਬਾਇਓ ਐਥੈਟੀਕੇਸ਼ਨ ਲਈ ਹਾਜਰ ਹੋਣਗੇ |

ਨੱਥੀ- ਲਿਸਟ ਦੀ ਕਾਪੀ।

ਨੋਟ:- ਜਿੰਨ੍ਹਾਂ ਸੰਸਥਾਵਾਂ ਦੀ ਬਾਇਓਮੈਟ੍ਰਿਕ ਪੈਡਿੰਗ ਹੈ,ਕੇਵਲ ਉਹਨਾਂ ਸੰਸਥਾਵਾਂ ਦੇ HOI ਅਤੇ INO ਦਾ ਹੀ ਉਕਤ ਸ਼ਡਿਊਲ ਅਨੁਸਾਰ ਹਾਜ਼ਰ ਹੋਣਾ ਯਕੀਨੀ ਬਣਾਇਆ ਜਾਵੇ।

ਜ਼ਿਲ੍ਹਾ ਸਮਾਜਿਕ ਨਿਆਂ ਅਤੇ
ਅਧਿਕਾਰਤਾ ਅਫਸਰ, ਬਠਿੰਡਾ

ਪਿੱਠਅੰਕਣ ਨੰ:-1457-62 ਮਿਤੀ 14/8/2025

ਇਸ ਦਾ ਉਤਾਰਾ ਹੇਠ ਲਿਖੇ ਅਨੁਸਾਰ ਹੈ:-

(1) ਡਾਇਰੈਕਟਰ ਤਕਨੀਕੀ ਸਿੱਖਿਆ ਵਿਭਾਗ, ਚੰਡੀਗੜ੍ਹ ਜੀ ਨੂੰ ਸੂਚਨਾ ਹਿੱਤ ਹੈ ਜੀ।
(2) ਡਾਇਰੈਕਟਰ DPI ਕਾਲੇਜ ਮੋਹਾਲੀ ਜੀ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਹੈ ਜੀ।
(3) ਡਾਇਰੈਕਟਰ ਤਕਨੀਕੀ ਸਿੱਖਿਆ ਵਿਭਾਗ, (ਆਈ.ਟੀ.ਆਈ ) ਚੰਡੀਗੜ੍ਹ।
(4) ਡਾਇਰੈਕਟਰ ਮੈਡੀਕਲ ਅਤੇ ਖੋਜ,ਚੰਡੀਗੜ੍ਹ।
(5) ਜ਼ਿਲ੍ਹਾ ਮੈਨੇਜਰ ਕਾਮਨ ਸਰਵਿਸ ਸੈਂਟਰ ਨੂੰ ਪੱਤਰ ਦੀ ਕਾਪੀ ਭੇਜ ਕੇ ਲਿਖਿਆ ਜਾਂਦਾ ਹੈ ਕਿ ਉਕਤ ਸਥਾਨ ਤੇ ਆਪ ਦੇ ਅਧੀਨ ਆਉਂਦੇ VLE ਨੂੰ ਬਾਇਓ ਐਥੈਟੀਕੇਸ਼ਨ ਕਰਨ ਲਈ ਪਾਬੰਦ ਕੀਤਾ ਜਾਵੇ।
(6) ਸਮੂਹ ਤਹਿਸੀਲ ਸਮਾਜਿਕ ਨਿਆਂ ਅਤੇ ਅਧਿਕਾਰਤਾ ਅਫਸਰ,ਜ਼ਿਲ੍ਹਾ ਬਠਿੰਡਾ ਨੂੰ ਲੋੜੀਂਦੀ ਕਾਰਵਾਈ ਹਿੱਤ।

ਜ਼ਿਲ੍ਹਾ ਸਮਾਜਿਕ ਨਿਆਂ ਅਤੇ
ਅਧਿਕਾਰਤਾ ਅਫਸਰ, ਬਠਿੰਡਾ

Scanned with CamScanner
Scanned with OKEN Scanner

ਦਫਤਰ ਜ਼ਿਲ੍ਹਾ ਸਿੱਖਿਆ ਅਫਸਰ (ਸੈ:ਸਿ), ਬਠਿੰਡਾ

ਪਿੱਠ ਅੰਕਣ ਨੰ: ਈ-5/1(1)/2025/156 ਮਿਤੀ: 14-08-2025

ਉਪਰੋਕਤ ਦਾ ਉਤਾਰਾ ਸਮੂਹ ਸਕੂਲ ਮੁੱਖੀਆਂ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਸਰਕਾਰੀ ਵਿਭਾਗ ਵਲੋਂ ਦੁਆਰਾ ਜ਼ਿਲ੍ਹੇ ਤੋਂ Biometric ਦਾ ਕੰਮ ਕਰਵਾਇਆ ਜਾ ਰਿਹਾ ਹੈ ਜੋ ਜਿਨ੍ਹਾਂ ਸਕੂਲਾਂ ਦੇ ਮੁੱਖੀ ਜਾਂ ਨੋਡਲ ਬਦਲ ਗਏ ਹਨ ਤਾਂ ਉਸ ਸਕੂਲ ~~ਆਪਣੇ~~ ਆਪਣੇ ਸਕੂਲ ਦੀ ਆਈ.ਡੀ ਵਿਚੋਂ HOI and INO ਨੂੰ update ਕਰਨਗੇ ਅਤੇ ਆਪਣੇ Biometric welfare office Oppo. of Jindal Heart ~~Scho~~ Hospital Power House Road ਵਿਖੇ ਜਾ ਕੇ ਕਰਵਾਉਣਾ ਯਕੀਨੀ ਬਣਾਉਣਗੇ। Biometric ਦਾ ਸਮਾਂ 9:00 ਵਜੇ ਤੋਂ 1:00 ਵਜੇ 19-08-2025 ਦਿਨ ਮੰਗਲਵਾਰ ਹੈ। ਸੋ ਸੰਬੰਧਤ ਸਕੂਲ ਮੁੱਖੀਆਂ ਨੂੰ ਸਖਤ ਹਦਾਇਤ ਕੀਤੀ ਜਾਂਦੀ ਹੈ ਕਿ ਇਸ ਤੋਂ ਬਾਅਦ Biometric ਦਾ ਕੰਮ ਨਹੀਂ ਹੋਵੇਗਾ ਅਤੇ ਜੇਕਰ ਸੰਬੰਧਤ ਸਕੂਲ ਦੇ HOI and INO ਸਮਾਂ ਸਿਰ ਪਹੁੰਚ ਕੇ Biometric ਨਹੀਂ ਕਰਵਾਉਂਦੇ ਤਾਂ ਉਹਨਾਂ ਦੀ ਨਿੱਜੀ ਜ਼ਿੰਮੇਵਾਰੀ ਹੋਊ ਅਤੇ ਨੋਡਲ ਅਫਸਰ ਦੀ ਹੋਵੇਗੀ।

ਨੋਟ → (INO ਅਤੇ HOI ਦੀ ਸਕੂਲ level ਤੇ updation ਹੋ ਇਸ ਪਹਿਲਾਂ ਕਰਨੀ ਜ਼ਰੂਰੀ ਹੈ।)

ਜ਼ਿ:ਸ਼੍ਰ: ਸਿੱਖਿਆ ਅਫ:ਸੈ:(ਸ)
ਬਠਿੰਡਾ
ਮਿਤੀ 14/8/25